بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 19.02.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਪੇਸ਼ਗ਼ੋਈ ਮੁਸਲਿਹ ਮੌਊਦ, ਇਹ ਕੇਵਲ ਪੇਸ਼ਗ਼ੋਈ ਹੀ ਨਹੀਂ ਸਗੋਂ ਇਕ ਮਹਾਨ ਆਕਾਸ਼ੀ ਚਮਤਕਾਰ ਵੀ ਹੈ ਜਿਸ ਨੂੰ ਉਸ ਜਲਾਲ ਵਾਲੇ ਰੱਬ ਨੇ ਸਾਡੇ ਨਬੀ ਕਰੀਮ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੀ ਸਚੱਾਈ ਤੇ ਵੱਡਿਆਈ ਪ੍ਰਗਟ ਕਰਨ ਲਈ ਪ੍ਰਕਟ ਕੀਤਾ ਹੈ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 19 ਫ਼ਰਵਰੀ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

20 ਫ਼ਰਵਰੀ ਦਾ ਦਿਨ ਜਮਾਤ ਅਹਮਦੀਆ ਵਿੱਚ ਪੇਸ਼ਗੋਈ ਮੁਸਲਿਹ ਮੌਊਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਆਪਣੇ ਪੁਤੱਰ ਦੀ ਪੈਦਾਇਸ਼ ਦੀ ਖ਼ਬਰ ਦਿੱਤੀ ਗਈ ਸੀ ਜੋ ਧਰਮ ਦਾ ਸੇਵਕ ਹੋਵੇਗਾ, ਉਮਰ ਪਾਏਗਾ ਅਤੇ ਬੇਅੰਤ ਹੋਰਨਾ ਖ਼ੂਬੀਆਂ ਦਾ ਮਾਲਕ ਹੋਵੇਗਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਪੇਸ਼ਗੋਈ ਦੀ ਮਹਤੱਾ ਬਾਰੇ ਫ਼ਰਮਾਉਂਦੇ ਹਨ ਕਿ ਇਹ ਕੇਵਲ ਪੇਸ਼ਗੋਈ ਹੀ ਨਹੀਂ ਸਗੋਂ ਮਹਾਨ ਆਕਾਸ਼ੀ ਚਮਤਕਾਰ ਵੀ ਹੈ ਜਿਸ ਨੂੰ ਉਸ ਜਲਾਲ ਵਾਲੇ ਰੱਬ ਨੇ ਸਾਡੇ ਨਬੀ ਕਰੀਮ ਮੁਹਮੱਦ ਮੁਸਤਫ਼ਾ ਸਲਲੱਾਹੁ ਆਲੈਹਿ ਵਸਲਅਮ ਦੀ ਸਚੱਾਈ ਤੇ ਵੱਡਿਆਈ ਦਿਖਾਉਣ ਲਈ ਪ੍ਰਕਟ ਕੀਤਾ ਹੈ ਅਤੇ ਵਾਸਤਵ ਵਿੱਚ ਇਹ ਚਮਤਕਾਰ ਮੁਰਦੇ ਨੂੰ ਜੀਉਂਦਾ ਕਰਨ ਤੋਂ ਸੈਂਕੜੇ ਗੁਣਾ ਵੱਧ ਉਤੱਮ, ਉਚੱਤਮ, ਆਲਾ, ਚੰਗਾ ਤੇ ਸੰਪੂਰਨ ਹੈ ਕਿਉਕਿ ਮੁਰਦੇ ਜੀਉਂਦੇ ਕਰਨ ਦੀ ਵਾਸਤਵਿਕਤਾ ਇਹੋ ਹੈ ਕਿ ਇਲਾਹੀ ਜਨਾਬ ਵਿੱਚ ਦੁਆ ਕਰਕੇ ਇਕ ਆਤਮਾ ਨੂੰ ਵਾਪਸ ਪਰਤਾਇਆ ਜਾਵੇ ਪਰ ਇਸ ਥਾਂ ਰੱਬ ਦੀ ਮਿਹਰ, ਉਪਕਾਰ ਅਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਆਲੈਹਿ ਵਸਲਅਮ ਦੀ ਬਰਕਤ ਨਾਲ ਇਸ ਨਿਮਾਣੇ ਦੀ ਦੁਆ ਨੂੰ ਪਰਵਾਨ ਕਰਕੇ ਅਜਿਹੀ ਬਰਕਤਾਂ ਭਰਪੂਰ ਆਤਮਾ ਭੇਜਣ ਦਾ ਵਾਦਾ ਕੀਤਾ ਹੈ ਜਿਸ ਦੀਆ ਪ੍ਰਗਟ ਤੇ ਗੁਪਤ ਬਰਕਤਾਂ ਸਾਰੀ ਧਰਤੀ ਉਪੱਰ ਫੈਲਣਗੀਆਂ । ਸੋ, ਵੇਖਣ ਨੂੰ ਭਾਵੇਂ ਇਹ ਜਮਤਕਾਰ ਮੁਰਦੇ ਜੀਉਂਦੇ ਕਰਨ ਦੇ ਸਮਾਨ ਦਿਖਾਈ ਦਿੰਦਾ ਹੈ ਪਰ ਗ਼ੌਰ ਕਰਨ ਨਾਲ ਮਲੂਮ ਹੋਵੇਗਾ ਕਿ ਇਹ ਚਮਤਕਾਰ ਮੁਰਦਿਆਂ ਨੂੰ ਜੀਓਨੁਦਾ ਕਰਨ ਤੋਂ ਸੈਂਕੜੇ ਗੁਣਾ ਵੱਧ ਤੇ ਚੰਗਾ ਹੈ ।

ਫਿਰ ਆਪਣਿਆ ਤੇ ਬੇਗਾਨਿਆਂ ਨੇ ਦੇਖਿਆ ਕਿ ਇਹ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੇਸ਼ਗੋਈ ਸੀ ਵੱਡੀ ਸਫ਼ਲਤਾ ਨਾਲ ਪੂਰੀ ਹੋਈ । ਇਸ ਪੇਸ਼ਗੋਈ ਦੇ ਭਾਵਅਰਥ ਜਿਵੇਂ ਕਿ ਸਮੇਂ ਨੇ ਸਾਬਤ ਕੀਤਾ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਖ਼ਲੀਫ਼ਾਤੁਲ ਮਸੀਹ ਸਾਨੀ ਸਨ । ਜਮਾਤ ਦੇ ਵਿਦਵਾਨ ਤੇ ਲੋਕ ਤਾਂ ਵਿਸ਼ਵਾਸ ਰਖੱਦੇ ਹਨ ਪਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਆਪ ਵੀ ਇਸ ਗੱਲ ਦਾ ਪ੍ਰਗਟਾਵਾ ਜਾਂ ਘੋਸ਼ਣਾ ਨਹੀਂ ਕੀਤੀ ਸੀ, ਕਿ ਇਹ ਪੇਸ਼ਗੋਈ ਮੇਰੇ ਬਾਰੇ ਹੈ ਏਥੋਂ ਤੱਕ ਕਿ ਆਪ ਦੀ ਖ਼ਿਲਾਫ਼ਤ ਦੇ ਲੱਗਭਗ ਤੀਹ ਸਾਲ ਲੰਘ ਗਏ । ਅਖ਼ੀਰ 1944 ਈ. ਵਿੱਚ ਆਪ ਨੇ ਇਸ ਗੱਲ ਦਾ ਐਲਾਨ ਕੀਤਾ ਕਿ ਮੈਂ ਹੀ ਉਹ ਮੁਸਲਿਹ ਮੌਊਦ ਹਾਂ ।

ਹਜ਼ੂਰ ਨੇ ਫ਼ਰਮਾਇਆ ਅੱਜ ਮੈਂ ਹਜ਼ਰਤ ਮੁਸਲਿਹ ਮੌਊਦ ਦੇ ਇਸ ਬਾਰੇ ਦੋ ਖ਼ੁਤਬਿਆਂ ਵਿੱਚੋਂ ਸਾਰ ਰੂਪ ਆਪ ਦੇ ਹੀ ਸ਼ਬਦਾਂ ਵਿੱਚ ਸਾਧਾਰਨ ਤੌਰ'ਤੇ ਕੁਝ ਵਰਨਣ ਕਰਾਂਗਾ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਆਪਣੇ 28 ਜਨਵਰੀ 1944 ਈ. ਦੇ ਖ਼ੁਤਬੇ ਵਿੱਚ ਫ਼ਰਮਾਇਆ ਕਿ ਅੱਜ ਮੈਂ ਇਕ ਅਜਿਹੀ ਗੱਲ ਕਹਿਣਾ ਚਾਹੁੰਦਾ ਹਾਂ ਜਿਸ ਦਾ ਵਰਨਣ ਕਰਨਾ ਮੇਰੇ ਸੁਭਾਅ ਦੇ ਪੱਖੋਂ ਮੇਰੇ ਉਪੱਰ ਭਾਰੀ ਲੰਘਦਾ ਹੈ ਪਰ ਕਿਉਂਕਿ ਕਈ ਨਬੁਵੱਤਾਂ ਅਤੇ ਇਲਾਹੀ ਤਕਦੀਰਾਂ ਇਸ ਗੱਲ ਨੂੰ ਵਰਨਣ ਕਰਨ ਨਾਲ ਸੰਬੰਧਤ ਹਨ ਇਸ ਲਈ ਮੈਂ ਇਸ ਨੂੰ ਵਰਨਣ ਕਰਨ ਲਈ ਆਪਣੇ ਸੁਭਾਅ ਦੇ ਸੰਕੋਚ ਹੁੰਦਿਆਂ ਹੋਇਆਂ ਵੀ ਰੁਕ ਨਹੀਂ ਸਕਦਾ । ਫਿਰ ਆਪ ਨੇ ਅਪਣੇ ਇਕ ਲੰਮੇ ਸੁਫ਼ਨੇ ਦੀ ਚਰਚਾ ਕਰਕੇ ਫ਼ਰਮਾਇਆ ਹੈ ਅਤੇ ਇਸ ਸੁਫ਼ਨੇ ਦੇ ਸੁਵਪੱਨਫ਼ਲ ਦੀ ਵਿਆਖਿਆ ਕਰਦਿਆਂ ਹੋਇਆ ਫ਼ਰਮਾਇਆ ਕਿ ਉਹ ਪੇਸ਼ਗੋਈ ਜੋ ਮੁਸਲਿਹ ਮੌਊਦ ਬਾਰੇ ਸੀ, ਰੱਬ ਨੇ ਮੇਰੇ ਹੀ ਬਾਰੇ ਮੁਕਦੱਰ ਕੀਤੀ ਹੋਈ ਸੀ । ਆਪ ਫ਼ਰਮਾਉਂਦੇ ਹਨ ਕਿ ਲੋਕਾਂ ਨੇ ਕਿਹਾ ਅਤੇ ਵਾਰ ਵਾਰ ਕਿਹਾ ਕਿ ਆਪ ਦੀ ਇਹਨਾ ਪੇਸ਼ਗੋਈਆਂ ਬਾਰੇ ਕੀ ਰਾਏ ਹੈ, ਪਰ ਮੇਰੀ ਇਹ ਹਾਲਤ ਸੀ ਕਿ ਮੈਂ ਕਦੇ ਵੀ ਗੰਭੀਰਤਾ ਨਾਲ ਇਹਨਾਂ ਪੇਸ਼ਗੋਈਆਂ ਨੂੰ ਪੜ੍ਹਨ ਦਾ ਜਤਨ ਨਹੀ ਕੀਤਾ ਸੀ, ਇਸ ਵਿਚਾਰ ਨਾਲ ਕਿਤੇ ਮੇਰਾ ਮਨ ਮੈਂਨੂੰ ਕੋਈ ਧੋਖਾ ਨ ਦੇਵੇ ਅਤੇ ਮੈਂ ਆਪਣੇ ਬਾਰੇ ਕੋਈ ਅਜਿਹਾ ਵਿਚਾਰ ਨ ਕਰ ਲਵਾਂ ਜੋ ਵਾਸਤਵ ਵਿੱਚ ਵਿਰੁਧ ਹੋਵੇ ।

ਹਜ਼ੂਰ ਨੇ ਫ਼ਰਮਾਇਆ, ਸੋ ਦੇਖੋ ਜੋ ਅਸਲ ਹੈ ਉਹ ਤਾਂ ਐਨ੍ਹੀ ਸਾਵਧਾਨੀ ਕਰਦਾ ਹੈ ਅਤੇ ਦੂਜੇ ਜਿੰਨ੍ਹਾ ਦੀ ਸੋਚ ਪੁੱਠੀ ਹੈ ਬਿਨਾ ਨਿਸ਼ਾਨ ਦੇ ਹੀ ਇਸ ਦਾ ਪ੍ਰਗਟਾਵਾ ਕਰਦੇ ਰਹਿੰਦੇ ਹਨ । ਉਹਨਾਂ ਨੂੰ ਸਿਵਾਏ ਪਾਗਲ ਦੇ ਹੋਰ ਕੀ ਕਿਹਾ ਜਾ ਸਕਦਾ ਹੈ । ਬਹਿਰਹਾਲ ਇਸ ਪੇਸ਼ਗੋਈ ਬਾਰੇ ਆਪਣੀ ਸ਼ਰਮ ਤੇ ਸੰਕੋਚ ਦਾ ਇਕ ਥਾਂ ਇਉਂ ਵਰਨਣ ਕੀਤਾ ਹੈ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਇਕ ਮੈਂਨੂੰ ਇਕ ਪਤੱਰ ਦਿਤੱਾ ਅਤੇ ਫ਼ਰਮਾਇਆ ਕਿ ਇਹ ਪਤੱਰ ਤੁਹਾਡੀ ਪੈਦਾਇਸ਼ ਬਾਰੇ ਹੈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਮੈਂਨੂੰ ਲਿੱਖਿਆ ਹੈ ਇਸ ਨੂੰ 'ਤਸ਼ਹੀਜ਼ੁਲ ਅਜ਼ਹਾਨ' (ਰਸਾਲੇ) ਵਿੱਚ ਛਾਪ ਦਿਓ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਫ਼ਰਮਾਉਂਦੇ ਹਨ ਕਿ ਮੈਂ ਹਜ਼ਰਤ ਖ਼ਲੀਫ਼ਾ ਅਵੱਲ ਦੇ ਸਨਮਾਨ ਵਿੱਚ ਪ੍ਰਕਾਸ਼ਤ ਵੀ ਕਰ ਦਿਤੱਾ ਪਰ ਮੈਂ ਉਸ ਸਮੇਂ ਵੀ ਉਸ ਨੂੰ ਗ਼ੌਰ ਨਾਲ ਨਹੀਂ ਪੜ੍ਹਿਆ । ਪਤੱਰ ਦੇ ਪ੍ਰਕਾਸ਼ਤ ਹੋਣ'ਤੇ ਲੋਕਾਂ ਨੇ ਉਸ ਸਮੇਂ ਵੀ ਕਈ ਪ੍ਰਕਾਰ ਦੀਆਂ ਗੱਲਾਂ ਕੀਤੀਆਂ ਪਰ ਮੈਂ ਚੁੱਪ ਰਿਹਾ । ਮੈਂ ਇਹੋ ਕਹਿੰਦਾ ਸੀ ਕਿ ਇਹ ਜ਼ਰੂਰੀ ਨਹੀਂ ਕਿ ਜਿਸ ਵਿਅਕਤੀ ਬਾਰੇ ਇਹ ਪੇਸ਼ਗੋਈਆਂ ਹਨ, ਉਹ ਜ਼ਰੂਰ ਦੱਸੇਗਾ ਵੀ ਕਿ ਮੈਂ ਉਹਨਾਂ ਪੇਸ਼ਗੋਈਆਂ ਦਾ ਕਿਰਤਾਰਥ (ਪੂਰਕ) ਹਾਂ । ਬਹਿਰਹਾਲ ਲੋਕਾਂ ਨੇ ਵੱਖ ਵੱਖ ਪੇਸ਼ਗੋਈਆਂ ਮੇਰੇ ਬਾਰੇ ਮੇਰੇ ਸਾਹਮਣੇ ਰੱਖੀਆਂ ਅਤੇ ਅੜੇ ਕਿ ਮੈਂ ਇਹਨਾਂ ਦਾ ਆਪਣੇ ਆਪ ਨੂੰ ਕਿਰਤਾਰਥ ਕਰਾਰ ਦਿਆ ਪਰ ਮੈਂ ਹਮੇਸ਼ਾ ਹੀ ਇਹੋ ਕਿਹਾ ਕਿ ਪੇਸ਼ਗੋਈ ਆਪਣੇ ਕਿਰਤਾਰਥ ਨੂੰ ਆਪ ਪ੍ਰਕਟ ਕਰਦੀ ਹੈ । ਜੇਕਰ ਇਹ ਪੇਸ਼ਗੋਈਆਂ ਮੇਰੇ ਬਾਰੇ ਹਨ ਤਾਂ ਜ਼ਮਾਨਾ ਆਪ ਦੇਖ ਲਏਗਾ ਕਿ ਮੈਂ ਇਹਨਾਂ ਦਾ ਕਿਰਤਾਰਥ (ਪੂਰਕ) ਹਾਂ ਅਤੇ ਜੇਕਰ ਮੇਰੇ ਬਾਰੇ ਨਹੀਂ ਤਾਂ ਜ਼ਮਾਨੇ ਦੀ ਗਵਾਹੀ ਮੇਰੇ ਖ਼ਿਲਾਫ਼ ਹੋਵੇਗੀ । ਦੋਹਾਂ ਹੀ ਅਵਸਥਾਵਾਂ ਵਿੱਚ ਮੈਂਨੂੰ ਕੁਝ ਕਹਿਣ ਦੀ ਲੋੜ ਨਹੀਂ ਹੈ । ਮੈਂਨੂੰ ਕਾਹਲ੍ਹੀ ਦੀ ਲੋੜ ਨਹੀਂ ਹੈ ਰੱਬ ਆਪ ਹੀ ਵਾਸਤਵਿਕਤਾ ਪ੍ਰਕਟ ਕਰ ਦੇਵੇਗਾ । ਜਿਵੇਂ ਇਲਹਾਮ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਨੇ ਕਿਹਾ ਕਿ ਆਉਣ ਵਾਲਾ ਇਹੋ ਹੈ ਜਾਂ ਅਸੀਂ ਦੂਜਿਆਂ ਦਾ ਮਾਰਗ ਤੱਕੀਏ । ਇਹ ਇਲਹਾਮ ਦੇ ਵਾਕ ਸਨ । ਦੁਨੀਆ ਨੇ ਇਹ ਪ੍ਰਸ਼ਨ ਐਨ੍ਹੀ ਵਾਰ ਕੀਤਾ ਐਨ੍ਹੀ ਵਾਰ ਕੀਤਾ ਕਿ ਇਸ'ਤੇ ਇਕ ਲੰਮਾ ਸਮਾਂ ਲੰਘ ਗਿਆ । ਇਸ ਲੰਮੇ ਸਮੇਂ ਬਾਰੇ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਲਹਾਮ ਵਿੱਚ ਖ਼ਬਰ ਮੌਜੂਦ ਹੈ । ਉਧਾਰਣ ਲਈ ਹਜ਼ਰਤ ਯਾਕੂਬ ਅਲੈਹਿ ਸਲਾਮ ਬਾਰੇ ਹਜ਼ਰਤ ਯੂਸੁਫ਼ ਦੇ ਭਰਾਵਾਂ ਨੇ ਕਿਹਾ ਕਿ ਤੂੰ ਇਸੇ ਪ੍ਰਕਾਰ ਯੂਸੁਫ਼ ਦੀਆਂ ਗਲੱਾਂ ਕਰਦਾ ਰਹੇਂਗਾ (ਹਜ਼ਰਤ ਯਾਕੂਬ ਨੂੰ ਕਿਹਾ ਸੀ) । ਏਥੋਂ ਤੱਕ ਕਿ ਮੌਤ ਦੇ ਕੰਢੇ ਪਹੁੰਚ ਜਾਏਂਗਾ ਜਾਂ ਹਲਾਕ ਹੋ ਜਾਂਏਗਾ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਹੋ ਇਲਹਾਮ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਵੀ ਹੋਇਆ । ਇਸੇ ਪ੍ਰਕਾਰ ਇਹ ਇਲਹਾਮ ਹੋਣਾ ਕਿ ਯੂਸੁਫ਼ ਦੀ ਖ਼ੁਸ਼ਬੋ ਮੈਂਨੂੰ ਆ ਰਹੀ ਹੈ ਆਪ ਨੂੰ ਇਹ ਵੀ ਇਲਹਾਮ ਹੋਇਆ । ਆਪ ਨੇ ਇਸਦਾ ਇਕ ਸ਼ੇਅਰ ਵਿੱਚ ਵਰਨਣ ਕੀਤਾ ਹੋਇਆ ਹੈ । ਇਹ ਦਸਦਾ ਸੀ ਕਿ ਰੱਬ ਦੀ ਕਰਨੀ ਅਨੁਸਾਰ ਇਹ ਚੀਜ਼ ਲੰਮੇ ਸਮੇਂ ਮਗਰੋਂ ਪ੍ਰਕਟ ਹੋਵੇਗੀ ਕਿਉਂਕਿ ਹਜ਼ਰਤ ਯੂਸੁਫ਼ ਵੀ ਆਪਣੇ ਬਾਪ ਨੂੰ ਬਹੁਤ ਲੰਮੇ ਸਮੇਂ ਮਗਰੋਂ ਮਿਲੇ ਸਨ ਜਾਂ ਉਹ ਪੇਸ਼ਗੋਈ ਪੂਰੀ ਹੋਈ ਸੀ । ਆਪ ਨੇ ਫ਼ਰਮਾਇਆ ਕਿ ਮੈਂ ਤਾਂ ਉਸ ਵਿਸ਼ਵਾਸ ਉਪੱਰ ਕਾਇਮ ਹਾਂ ਕਿ ਜੇਕਰ ਮੌਤ ਤੱਕ

ਵੀ ਮੇਰੇ ਉਪੱਰ ਇਹ ਪ੍ਰਕਟ ਨ ਕੀਤਾ ਜਾਂਦਾ ਕਿ ਇਹ ਪੇਸ਼ਗੋਈਆਂ ਮੇਰੇ ਬਾਰੇ ਹਨ ਫਿਰ ਘਟਨਾਵਾਂ ਇਹ ਦਸ ਦਿੰਦੀਆਂ ਕਿ ਇਹ ਪੇਸ਼ਗੋਈਆਂ ਮੇਰੇ ਹੱਥੀਂ ਮੇਰੇ ਕਾਲ ਵਿੱਚ ਪੂਰੀਆਂ ਹੋਈਆਂ ਹਨ ਇਸ ਲਈ ਮੈਂ ਹੀ ਇਹਨਾਂ ਦਾ ਕਿਰਤਾਰਥ ਹਾਂ, ਪਰ ਰੱਬ ਨੇ ਆਪਣੀ ਕਰਨੀ ਹੇਠ ਇਸ ਕਾਰਜ ਨੂੰ ਪ੍ਰਕਟ ਕਰ ਦਿਤੱਾ ਅਤੇ ਮੈਂਨੂੰ ਗਿਆਨ ਦੇ ਦਿਤੱਾ ਕਿ ਮੁਸਲਿਹ ਮੌਊਦ ਨਾਲ ਸੰਬੰਧ ਰਖੱਣ ਵਾਲੀਆਂ ਪੇਸ਼ਗੋਈਆਂ ਮੇਰੇ ਬਾਰੇ ਹਨ । ਆਪ ਨੇ ਕੁਝ ਪੇਸ਼ਗੋਈਆਂ ਦਾ ਸੰਖੇਪ ਜਿਹਾ ਵਰਨਣ ਕੀਤਾ ਹੈ , ਉਧਾਰਣ ਲਈ 'ਉਹ ਤਿੰਨ ਨੂੰ ਚਾਰ ਕਰਨ ਵਾਲਾ ਹੋਵੇਗਾ' ਇਸੇ ਪ੍ਰਕਾਰ ਹੈ 'ਦੁਸ਼ੰਬਾ ਹੈ ਮੁਬਾਰਕ ਦੁਸ਼ੰਬਾ' ਇਹਨਾ ਦੋ ਗਲੱਾਂ ਨੂੰ ਆਪ ਨੇ ਇਸ ਪ੍ਰਕਾਰ ਵਿਸਥਾਰ ਨਾਲ ਵਰਨਣ ਕੀਤਾ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਵਿਚਾਰ ਤਿੰਨ ਨੂੰ ਚਾਰ ਕਰਨ ਵਾਲਾ ਦੀ ਪੇਸ਼ਗੋਈ ਬਾਰੇ ਇਸ ਵੱਲ ਗਿਆ ਕਿ ਉਹ ਤਿੰਨ ਪੁਤੱਰਾਂ ਨੂੰ ਚਾਰ ਕਰਨ ਵਾਲਾ ਹੋਵੇਗਾ । ਪਰ ਫ਼ਰਮਾਉਂਦੇ ਹਨ ਕਿ ਰੱਬ ਨੇ ਮੇਰੀ ਸੋਚ ਇਸ ਵੱਲ ਫੇਰ ਦਿੱਤੀ ਕਿ ਇਲਹਾਮੀ ਤੌਰ'ਤੇ ਇਹ ਨਹੀਂ ਕਿਹਾ ਗਿਆ ਕਿ ਉਹ ਤਿੰਨ ਪੁਤੱਰਾਂ ਨੂੰ ਚਾਰ ਕਰਨ ਵਾਲਾ ਹੋਵੇਗਾ । ਇਲਹਾਮ ਵਿੱਚ ਕੇਵਲ ਇਹ ਕਿਹਾ ਗਿਆ ਸੀ ਕਿ 'ਉਹ ਤਿੰਨ ਨੂੰ ਚਾਰ ਕਰਨ ਵਾਲਾ ਹੋਵੇਗਾ' । ਸੋ, ਮੇਰੇ ਅਨੁਸਾਰ ਇਹ ਇਸ ਦੀ ਪੈਦਾਇਸ਼ ਦੀ ਮਿਤੀ ਦੱਸੀ ਗਈ ਹੈ । ਇਹ ਪੇਸ਼ਗੋਈ **1886** ਈ. ਦੇ ਅਰੰਭ ਵਿੱਚ ਹੋਈ ਸੀ ਅਰਥਾਤ ਮੁਸਲਿਹ ਮੌਊਦ ਦੀ । ਅਤੇ ਆਪ ਨੇ ਫ਼ਰਮਾਇਆ ਕਿ ਮੇਰੀ ਪੈਦਾਇਸ਼ **1889** ਈ. ਵਿੱਚ ਹੋਈ ਹੈ । ਸੋ, ਤਿੰਨ ਨੂੰ ਚਾਰ ਕਰਨ ਵਾਲੀ ਪੇਸ਼ਗੋਈ ਵਿੱਚ ਇਹ ਖ਼ਬਰ ਦਿੱਤੀ ਗਈ ਸੀ ਕਿ ਇਸ ਦੀ ਪੈਦਾਇਸ਼ ਚੌਥੇ ਸਾਲ ਹੋਵੇਗੀ ਅਤੇ ਅਜਿਹਾ ਹੀ ਹੋਇਆ । ਅਤੇ ਇਹ ਜੋ ਆਉਂਦਾ ਹੈ 'ਦੁਸ਼ੰਬਾ ਮਬਾਰਕ ਦੁਸ਼ੰਬਾ' ਇਸ ਦੇ ਹੋਰ ਅਰਥ ਵੀ ਹੋ ਸਕਦੇ ਹਨ ਪਰ ਮੇਰੇ ਅਨੁਸਾਰ ਇਸ ਦੀ ਇਕ ਸਪਸ਼ਟ ਵਿਆਖਿਆ ਇਹ ਹੈ ਕਿ ਦੁਸ਼ੰਬਾ' ਹਫ਼ਤੇ ਦਾ ਤੀਜਾ ਦਿਨ ਹੁੰਦਾ ਹੈ । ਦੂਜੇ ਪਾਸੇ ਰੂਹਾਨੀ ਸਿਲਸਿਲਿਆਂ ਵਿੱਚ ਨਬੀਆਂ ਤੇ ਖ਼ਲੀਫ਼ਿਆਂ ਦਾ ਦੌਰ ਵੱਖ ਵੱਖ ਹੰਦਾ ਹੈ । ਇਸ ਪੱਖੋਂ ਗ਼ੌਰ ਕਰਕੇ ਦੇਖੀਏ ਤਾਂ ਪਹਿਲਾ ਦੌਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਸੀ, ਦੂਜਾ ਦੌਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਦਾ ਸੀ ਅਤੇ ਆਪ ਫ਼ਰਮਾਉਂਦੇ ਹਨ ਕਿ ਤੀਜਾ ਦੌਰ ਮੇਰਾ ਹੈ । ਏਧਰ ਰੱਬ ਦਾ ਇਕ ਹੋਰ ਇਲਹਾਮ ਵੀ ਇਸ ਵਿਆਖਿਆ ਦੀ ਤਸਦੀਕ ਕਰ ਰਿਹਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਲਹਾਮ ਹੋਇਆ ਸੀ ਅਤੇ ਉਹ ਇਲਹਾਮ ਇਹ ਹੈ ਕਿ 'ਫ਼ਜ਼ਲੇ ਉਮਰ' । ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਵੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਤੋਂ ਤੀਜੇ ਨੰਬਰ'ਤੇ ਖ਼ਲੀਫ਼ਾ ਸਨ । ਸੋ, ਦੁਸ਼ੰਬਾ ਹੈ ਮੁਬਾਰਕ ਦੁਸ਼ੰਬਾ' ਤੋਂ ਭਾਵ ਇਹ ਹੈ ਕਿ ਇਸ ਮੌਊਦ (ਜਿਸ ਦਾ ਵਾਅਦਾ ਦਿੱਤਾ ਗਿਆ) ਦੇ ਜੁੱਗ ਦੀ ਉਧਾਰਣ ਅਹਮਦੀਅਤ ਦੇ ਦੌਰ ਵਿੱਚ ਅਜਿਹੀ ਹੀ ਹੋਵੇਗੀ ਜਿਵੇਂ ਦੁਸ਼ੰਬਾ ਦੀ ਹੁੰਦੀ ਹੈ ਅਰਥਾਤ ਇਸ ਲਿਸਿਲੇ ਵਿੱਚ ਰਬ ਵੱਲੋਂ ਧਰਮ ਦੀ ਸੇਵਾ ਲਈ ਜੋ ਵਿਅਕਤੀ ਖੜੇ ਕੀਤੇ ਜਾਣਗੇ ਉਹਨਾਂ ਵਿੱਚੋਂ ਤੀਜੇ ਨੰਬਰ'ਤੇ ਹੋਵੇਗਾ । ਫ਼ਜ਼ਲੇ ਉਮਰ ਦੇ ਇਲਹਾਮੀ ਨਾਂ ਵਿੱਚ ਵੀ ਇਸੇ ਵੱਲ ਸੰਕੇਤ ਹੈ । ਭਾਵ ਇਲਾਹੀ ਕਲਾਮ ਵਿੱਚ 'ਯਫ਼ਸਾਰਾਹ ਬਾਅਜ਼ਾਹੂ ਬਾਅਜ਼ਾ' ਦੇ ਅਨੁਸਾਰ ਫ਼ਜ਼ਲੇ ਉਮਰ ਦੇ ਸ਼ਬਦ ਨੇ 'ਦੁਸ਼ੰਬਾ ਹੈ ਮੁਬਾਰਕ ਦੁਸ਼ੰਬਾ' ਦੀ ਵਿਆਖਿਆ ਕਰ ਦਿੱਤੀ, ਪਰ ਫ਼ਰਮਾਇਆ ਕਿ ਪਰ ਇਸਲਾਮ ਵਿੱਚ ਇਕ ਹੋਰ ਖ਼ਬਰ ਵੀ ਹੈ ਅਤੇ ਰੱਬ ਮੁਬਾਰਕ ਦੁਸ਼ੰਬਾ ਇਕ ਅਜਿਹੇ ਸਾਧਨ ਰਾਹੀਂ ਵੀ ਲਿਆਉਣ ਵਾਲਾ ਹੈ ਆਪ ਫ਼ਰਮਾਉਂਦੇ ਹਨ ਕਿ ਮੇਰੇ ਅਧਿਕਾਰ ਵਿੱਚ ਨਹੀਂ ਸੀ ਅਤੇ ਕੋਈ ਮਨੁੱਖ ਨਹੀਂ ਕਹਿ ਸਕਦਾ ਕਿ ਸੀ ਕਿ ਮੈਂ ਆਪਣੇ ਨਿਸਚੇ ਨਾਲ ਜਾਣ ਬੁਝ ਕੇ ਇਸ ਦਾ ਅਰੰਭ ਕਰ ਲਿਆ ਹੈ ਅਰਥਾਤ 'ਤਹਿਰੀਕੇ ਜਦੀਦ' ਦਾ ਅਰੰਭ ਜਿਸ ਨੂੰ **1934** ਈ. ਵਿੱਚ ਅਜਿਹੇ ਹਾਲਾਤਾਂ ਵਿੱਚ ਸ਼ੁਰੂ ਕੀਤਾ ਗਿਆ ਜੋ ਸਰਕਾਰ ਦੇ ਇਕ ਕਾਰਜ ਨੇ ਜਿਸ ਵਿੱਚ ਜਮਾਤ ਦੇ ਵਿਰੁਧ ਕੁਝ ਕਰੜੇ ਉਪਾਅ ਕਰਨ ਦੀਆਂ ਯੋਜਨਾਵਾਂ ਸਨ ਅਤੇ ਇਹਰਾਰ (ਫ਼ਿਰਕਾ) ਦੇ ਫ਼ਸਾਦਾਂ ਕਰਕੇ ਰੱਬ ਨੇ ਇਸ ਤਹਿਰੀਕ ਦਾ ਆਪ ਫ਼ਰਮਾਉਂਦੇ ਹਨ ਕਿ ਮੇਰੇ ਮਨ ਵਿੱਚ ਪ੍ਰੇਰਨਾ ਪਾਈ ਸੀ ਅਤੇ ਇਸ ਤਹਿਰੀਕ ਦੇ ਪਹਿਲੇ ਦੌਰ ਵਿੱਚ ਮੈਂ ਦੱਸ ਸਾਲ ਨਿਯੋਜਿਤ ਕੀਤੇ । ਹਰ ਮਨੁੱਖ ਜੱਦ ਕੁਰਬਾਨੀ ਕਰਦਾ ਹੈ ਤਾਂ ਕੁਰਬਾਨੀ ਦੇ ਬਾਦ ਉਸ'ਤੇ ਇਕ ਈਦ (ਖ਼ੁਸ਼ੀ) ਦਾ ਦਿਨ ਆਉਂਦਾ ਹੈ । ਕਿਉਂਕਿ ਦੇਖ ਲਓ ਰਮਜ਼ਾਨ ਦੇ ਰੋਜ਼ਿਆਂ ਦੇ ਬਾਦ ਈਦ ਦਾ ਦਿਨ ਹੁੰਦਾ ਹੈ । ਇਸੇ ਪ੍ਰਕਾਰ ਆਪ ਫ਼ਰਮਾਉਂਦੇ ਹਨ ਕਿ ਅਜੀਬ ਗੱਲ ਹੈ ਕਿ **1945** ਈ. ਦਾ ਸਾਲ ਜੇਕਰ ਇਸ ਪੱਖੋਂ ਦੇਖਿਆ ਜਾਵੇ 'ਤਹਿਰੀਕੇ ਜਦੀਦ' ਦੇ ਹਵਾਲੇ ਨਾਲ ਜੋ ਪਹਿਲੇ ਦਸ ਸਾਲਾ ਦੀ ਤਹਿਰੀਕ ਸੀ ਅਤੇ ਗਿਆਰ੍ਹਵਾਂ ਸਾਲ ਹੈ

ਉਹ ਈਦ ਦਾ ਸਾਲ ਹੈ ਅਤੇ ਇਹ ਸਾਲ ਪੀਰ (ਸੋਮਵਾਰ) ਦੇ ਦਿਨ ਤੋਂ ਅਰੰਭ ਹੋ ਰਿਹਾ ਹੈ ਅਤੇ ਸੋਮਵਾਰ ਦਾ ਦਿਨ ਦੁਸ਼ੰਬਾ ਅਖਵਾਉਂਦਾ ਹੈ । ਸੋ, ਰੱਬ ਨੇ ਇਹਨਾਂ ਸ਼ਬਦਾ ਵਿੱਚ ਖ਼ਬਰ ਦਿੱਤੀ ਸੀ ਕਿ ਇਕ ਜੁੱਗ ਵਿੱਚ ਇਸਲਾਮ ਦੀ ਆਤਿਅੰਤ ਮਾੜੀ ਅਵਸਥਾ ਵਿੱਚ ਇਸ ਦੇ ਪ੍ਰਸਾਰ ਲਈ ਇਕ ਮਹਤੱਵਪੂਰਨ ਪ੍ਰਚਾਰਕ ਅਦਾਰੇ ਦੀ ਨੀਂਹ ਰੱਖੀ ਜਾਵੇਗੀ ਅਤੇ ਜੱਦ ਇਸ ਦਾ ਪਹਿਲਾ ਦੌਰ ਸਫ਼ਲਤਾ ਨਾਲ ਪੂਰਾ ਹੋਵੇਗਾ ਤਾਂ ਇਹ ਜਮਾਤ ਲਈ ਮੁਬਾਰਕ ਸਮਾਂ ਹੋਵੇਗਾ ।

ਹਜ਼ੂਰ ਨੇ ਫ਼ਰਮਾਇਆ ਫਿਰ ਇਸ ਲੰਮੇ ਸੁਪਨੇ ਜਿਸ ਦੇ ਬਾਦ ਹਜ਼ਰਤ ਮੁਸਲਿਹ ਮੌਊਦ ਨੇ ਮੁਸਲਿਹ ਮੌਊਦ ਹੋਣ ਦਾ ਐਲਾਨ ਕੀਤਾ ਸੀ, ਉਸ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਓਂਦੇ ਹਨ ਕਿ ਇਸ ਸੁਪਨੇ ਵਿੱਚ ਮੇਰੀ ਜ਼ੁਬਾਨ ਉਪੱਰ ਇਕ ਵਾਕ ਅਰੰਭ ਹੋਇਆ ਸੀ ਕਿ "ਅਨਲ ਮਸੀਹ ਮੌਊਦ ਮਸੀਲਹੁ ਵ ਖ਼ਲੀਫ਼ਾਤਾਹੂ" ਸੁਪਨੇ ਵਿੱਚ ਵੀ ਮੈਂਨੂੰ ਇਹ ਅਨੁਭਵ ਹੋਇਆ ਕਿ ਇਹ ਅਦਭੁੱਤ ਸ਼ਬਦ ਮੇਰੇ ਮੂੰਹੋ ਅਰੰਭ ਹੋਏ ਹਨ । ਫ਼ਰਮਾਓਦੇ ਹਨ ਕਿ ਬਾਦ ਵਿੱਚ ਜੱਦ ਲੋਕਾਂ ਨੇ ਇਹ ਸੁਪਨਾ ਸੁਣਿਆ ਇਸ ਮਗਰੋਂ ਕਿਹਾ ਕਿ ਮਸੀਹੀ ਨਫ਼ਸ ਹੋਣ ਦਾ ਵਰਨਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਸ਼ਤਿਹਾਰ 20 ਫ਼ਰਵਰੀ 1986 ਈ. ਵਿੱਚ ਹੈ । ਇਸ਼ਤਿਹਾਰ ਵਿੱਚ ਇਹ ਸ਼ਬਦ ਹਨ ਕਿ ਉਹ ਦੁਨੀਆ ਵਿੱਚ ਆਏਗਾ ਅਤੇ ਆਪਣੇ ਮਸੀਹੀ ਨਫ਼ਸ ਅਤੇ ਰੂਹੁਲ ਹੱਕ ਦੀ ਬਰਕਤ ਨਾਲ ਅਨੇਕਾਂ ਨੂੰ ਰੋਗਾਂ ਤੋਂ ਮੁਕਤ ਕਰੇਗਾ । ਰੂਹੁਲ ਹੱਕ ਤੌਹੀਦ (ਇਕ ਈਸ਼ਵਰਵਾਦ) ਦੀ ਰੂਹ (ਆਤਮਾ) ਨੂੰ ਕਹਿੰਦੇ ਹਨ ਅਤੇ ਆਪ ਨੇ ਇਸਲਾਮੀ ਪ੍ਰਚਾਰ ਦੀ ਦੁਨੀਆ ਵਿੱਚ ਨੀਂਹ ਪਾਕੇ ਦੁਨੀਆ ਦੇ ਮਨਾਂ ਨੂੰ ਸ਼ਿਰਕ (ਅਨੇਕ ਈਸ਼ਵਰਵਾਦ) ਤੋਂ ਪਾਕ ਕੀਤਾ । ਫ਼ਰਮਾਇਆ ਕਿ ਤੀਜਾ ਮੈਂ ਰੋਯਾ (ਸੁਪਨੇ) ਵਿੱਚ ਦੇਖਿਆ ਸੀ ਕਿ ਮੈਂ ਭੱਜ ਰਿਹਾ ਹੈ ਇਹੋ ਨਹੀਂ ਕਿ ਮੈਂ ਤੇਜ਼ੀ ਨਾਲ ਚਲਦਾ ਹਾਂ ਸਗੋਂ ਦੌੜਦਾ ਹਾਂ ਅਤੇ ਧਰਤੀ ਮੇਰੇ ਪੈਰ੍ਹਾਂ ਹੇਠ ਸੁੰਘੜਦੀ ਜਾਂ ਹੈ ।

ਪਿਸਰੇ ਮੌਊਦ (ਵਾਅਦਾ ਦਿੱਤੇ ਗਏ ਪੁਤੱਰ) ਦੀ ਪੇਸ਼ਗੋਈ ਵਿੱਚ ਇਹ ਗੱਲ ਹੈ ਕਿ ਉਹ ਛੇਤੀ ਛੇਤੀ ਵਧੇਗਾ । ਇਸ ਪ੍ਰਕਾਰ ਮੈਂ ਰੋਯਾ (ਸੁਪਨੇ) ਵਿੱਚ ਦੇਖਿਆ ਕਿ ਮੈਂ ਕੁਝ ਹੋਰਨਾ ਦੇਸ਼ਾਂ ਵੱਲ ਗਿਆ ਹਾਂ ਅਤੇ ਫਿਰ ਮੈਂ ਓਥੇ ਆਪਣੇ ਕੰਮ ਨੂੰ ਖ਼ਤਮ ਨਹੀਂ ਕੀਤਾ । ਓਥੇ ਜਾਕੇ ਮੈਂ ਆਪਣੇ ਕੰਮ ਨੂੰ ਖ਼ਤਮ ਨਹੀਂ ਕਰ ਦਿੱਤਾ ਸਗੋਂ ਹੋਰ ਅੱਗੇ ਜਾਣ ਦਾ ਨਿਸ਼ਚਾ ਕਰ ਰਿਹਾ ਹਾਂ । ਮੈਂ ਸੁਪਨੇ ਵਿੱਚ ਕਿਹਾ ਕਿ ਹੇ ! ਅਬਦੁਸ਼ੱਕੂਰ (ਰੱਬ ਦੇ ਧੰਨਵਾਦੀ ਬੰਦੇ) ਹੁਣ ਮੈਂ ਅੱਗੇ ਜਾਵਾਂਗਾ ਅਤੇ ਜੱਦ ਸਫ਼ਰ ਤੋਂ ਵਾਪਸ ਪਰਤਾਂਗਾ ਤਾਂ ਦੇਖਾਂਗਾ ਕਿ ਤੂੰ ਤੋਹੀਦ ਕਾਇਮ ਕਰ ਦਿੱਤੀ ਹੈ ਸ਼ਿਰਕ ਨੂੰ ਮਿਟਾ ਦਿੱਤਾ ਹੈ ਅਤੇ ਇਸਲਾਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਿੱਖਿਆ ਨੂੰ ਦਿਲਾਂ ਵਿੱਚ ਪਕੱਾ ਕਰ ਦਿੱਤਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਜੋ ਰੱਬ ਨੇ ਕਲਾਮ ਉਤਾਰਿਆ ਉਸ ਵਿੱਚ ਇਸੇ ਵੱਲ ਸੰਕੇਤ ਹੈ ਕਿ ਉਹ ਧਰਤੀ ਦੇ ਕੰਢਿਆਂ ਤੱਕ ਪ੍ਰਸਿੱਧੀ ਪਾਏਗਾ ਅਰਥਾਤ ਪ੍ਰਚਾਰਕ ਕੰਮਾ ਨੂੰ ਅੱਗੇ ਵਧਾਉਣ ਵਾਲਾ ਹੋਵੇਗਾ ਅਤੇ ਅਸੀਂ ਦੇਖਦੇ ਹਾਂ ਕਿ ਇਹ ਪੇਸ਼ਗੋਈ ਵੀ ਨਿਸ਼ਚਿਤ ਰੂਪ ਵਿੱਚ ਆਪ ਹੀ ਦੇ ਜੁੱਗ ਵਿਚ ਵੱਡੀ ਮਹਾਨਤਾ ਨਾਲ ਪੂਰੀ ਹੋਈ ਹੈ । ਇਸੇ ਪ੍ਰਕਾਰ ਆਪ ਦੀ ਇਸ ਲੰਮੀ ਰੋਯਾ (ਸੁਪਨੇ) ਵਿੱਚ ਲਗਭਗ ਪੇਸ਼ਗੋਈ ਮੁਸਲਿਹ ਮੌਊਦ ਨਾਲ ਰਲਦੀਆਂ ਮਿਲਦੀਆਂ ਪਹੁਤ ਸਾਰੀਆਂ ਗੱਲਾਂ ਹਨ ਜੋ ਵੱਖ ਵੱਖ ਢੰਗਾ ਰਾਹੀਂ ਆਪ ਨੂੰ ਦਿਖਾਈਆਂ ਗਈਆਂ ।

ਹਜ਼ੂਰ ਨੇ ਫ਼ਰਮਾਇਆ ਕਿ ਹਜ਼ਰਤ ਮੁਸਲਿਹ ਮੌਊਦ ਨੇ ਇਹ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੇਸ਼ਗੋਈ ਮੁਸਲਿਹ ਮੌਊਦ ਸੀ ਇਸ ਹਵਾਲੇ ਨਾਲ ਕੁਝ ਘਟਨਾਵਾਂ ਜੋ ਹਨ ਉਹ ਕਿਵੇਂ ਇਸ ਨਾਲ ਸੁਮੇਲ ਖਾਂਦੀਆਂ ਹਨ, ਆਪ ਦੇ ਜੁੱਗ ਨਾਲ ਅਤੇ ਹੁਣ ਜੋ ਘਟਨਾਵਾਂ ਹੋਈਆਂ ਇਸ ਪੇਸ਼ਗੋਈ ਨੂੰ ਪੂਰਾ ਕਰਨ ਵਾਲੇ ਉਹ ਕਿਵੇਂ ਹਨ ਉਹਨਾਂ ਦਾ ਸੰਖੇਪ ਜਿਹਾ ਵਰਨਣ ਕਰਾਂਗਾ । ਆਪ ਨੇ ਇਕ ਘਟਨਾ ਵਰਨਣ ਕੀਤੀ ਕਿ ਇਕ ਵਾਰ ਮੈਂ ਹਜ਼ਰਤ ਆਪਾ ਜਾਨ ਰਜ਼ੀ ਅਲੱਾਹ ਅਨਹਾ ਦੇ ਕਮਰੇ ਵਿੱਚ ਨਮਾਜ਼ ਦੀ ਉਡੀਕ ਵਿੱਚ ਟਹਿਲ ਰਿਹਾ ਸੀ ਤਾਂ ਮੈਂਨੂੰ ਮਸਜਿਦ ਵੱਲੋਂ ਉੱਚੀਆਂ ਉਚੀਆ ਆਵਾਜ਼ਾਂ ਆਈਆਂ ਜੋ ਇਹ ਕਹਿ ਰਹੇ ਸਨ ਕਿ ਇਕ ਬੱਚੇ ਨੂੰ ਅੱਗੇ ਕਰਕੇ ਜਮਾਤ ਨੂੰ ਤਬਾਹ ਕੀਤਾ ਜਾ ਰਿਹਾ ਹੈ । ਤਾਂ ਆਪ ਫ਼ਰਮਾਉਂਦੇ ਹਨ ਕਿ ਵਿਰੋਧੀਆਂ ਦਾ ਇਹ ਕਥਨ ਹਜ਼ਰਤ ਮਸੀਹ ਮੌਊਦ ਦੇ ਇਲਹਾਮ ਦੀ ਤਸਦੀਕ ਕਰ ਰਿਹਾ ਸੀ ਕਿ ਉਹ ਛੇਤੀ ਛੇਤੀ ਵਧੇਗਾ । ਆਪ ਫ਼ਰਮਾਉਂਦੇ ਹਨ ਕਿ ਰੱਬ ਨੇ ਮੈਂਨੂੰ ਐਨ੍ਹੀ ਛੇਤੀ ਵਧਾਇਆ ਕਿ ਦੁਸ਼ਮਣ ਵੀ ਹੈਰਾਨ ਰਹਿ ਗਿਆ । ਕਿਉਂਕਿ ਕੁਝ ਮਹੀਨਿ ਪਹਿਲਾਂ ਮੈਂਨੂੰ ਬੱਚਾ ਕਹਿਣ ਵਾਲੇ ਕੁਝ ਮਹੀਨਿਆਂ ਬਾਦ ਹੀ ਮੈਂਨੂੰ ਇਕ ਸ਼ਾਤਰ ਤਜਰਬੇਕਾਰ ਕਹਿਕੇ ਮੇਰੀ ਬੁਰਾਈ ਕਰ ਰਹੇ ਸਨ । ਉਕੱਾ ਹੀ ਉਹ ਪਰਤ ਗਏ ਸਨ । ਭਾਵ ਇਹ ਕਿ ਬਚਪੁਣੇ ਵਿੱਚ ਰੱਬ ਨੇ ਮੇਰੇ ਹੱਥੀਂ ਇਸ ਸਿਲਸਿਲੇ ਵਿੱਚ ਰੋਕਾਂ ਪਾਉਣ ਵਾਲਿਆਂ ਨੂੰ ਹਾਰ ਦੇ ਦਿੱਤੀ । ਫ਼ਰਮਾਉਂਦੇ ਹਨ ਕਿ

ਉਹ ਦਿਨ ਗਿਆ ਤੇ ਅੱਜ ਦਾ ਦਿਨ ਆਇਆ । ਦੇਖਣ ਵਾਲੇ ਦੇਖ ਰਹੇ ਹਨ ਕਿ ਜਮਾਤ ਦੀ ਗਿਣਤੀ ਜੋ ਉਸ ਸਮੇਂ ਸੀ ਜੱਦ ਉਹ ਮੇਰੇ ਸੁਪੁਰਦ ਕੀਤੀ ਗਈ ਸੀ ਅੱਜ ਰੱਬ ਦੀ ਮਿਹਰ ਨਾਲ ਉਸ ਤੋਂ ਸੈਂਕੜੇ ਗੁਣਾ ਬਹੁਤੀ ਹੈ । ਜਿੰਨ੍ਹਾ ਦੇਸ਼ਾਂ ਵਿਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਨਾਂ ਪਹੁੰਚ ਚੁਕਾ ਸੀ ਅੱਜ ਉਸ ਤੋਂ ਵੀਹਾਂ ਗੁਣਾ ਅਧਿਕ ਦੇਸ਼ਾਂ ਵਿਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਨਾਂ ਪਹੁੰਚ ਚੁਕਿਆ ਹੈ । ਸੋ, ਉਹ ਰੱਬ ਜਿਸ ਨੇ ਕਿਹਾ ਸੀ ਕਿ ਉਹ ਛੇਤੀ ਛੇਤੀ ਵਧੇਗਾ ਅਤੇ ਰੱਬ ਦੀ ਛਾਇਆ ਉਸ ਦੇ ਸਿਰ ਉਪੱਰ ਹੋਵੇਗੀ ਉਹ ਪੇਸ਼ਗੋਈ ਅਜਿਹੇ ਮਹਾਨਤਮ ਚਮਤਕਾਰ ਵੱਜੋਂ ਪੂਰੀ ਹੋਈ ਹੈ ਕਿ ਵੈਰੀ ਤੋਂ ਵੈਰੀ ਵੀ ਇਸ ਦਾ ਇਨਕਾਰ ਨਹੀਂ ਕਰ ਸਕਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਤਾਂ ਇਸ ਪੇਸ਼ਗੋਈ ਨੂੰ ਐਨ੍ਹਾ ਮਹਤੱਵਪੂਰਨ ਦੱਸਿਆ ਹੈ ਜਿਵੇਂ ਕਿ ਮੈਂ ਅਰੰਭ ਵਿੱਚ ਵੀ ਹਵਾਲਾ ਪੇਸ਼ ਕੀਤਾ ਸੀ ਕਿ ਇਹ ਕੇਵਲ ਪੇਸ਼ਗੋਈ ਹੀ ਨਹੀਂ ਸਗੋਂ ਮਹਾਨਤਮ ਚਮਤਕਾਰ ਵੀ ਹੈ । ਇਸ ਲੜਕੇ ਦੀ ਪੈਦਾਇਸ਼ ਪੇਸ਼ਗੋਈ ਅਨੁਸਾਰ ਨੌ ਵਰ੍ਹਿਆਂ ਵਿੱਚ ਹੋਣੀ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਨੌਂ ਵਰ੍ਹਿਆਂ ਦੇ ਕਾਲ ਤੱਕ ਤਾਂ ਆਪਣੇ ਹੀ ਜੀਉਂਦੇ ਰਹਿਣ ਦਾ ਪਤਾ ਨਹੀਂ ਅਤੇ ਨ ਹੀ ਇਹ ਪਤਾ ਹੈ ਕਿ ਇਸ ਕਾਲ ਵਿੱਚ ਕਿਸੇ ਪ੍ਰਕਾਰ ਦੀ ਕੋਈ ਸੰਤਾਨ ਐਵੇਂ ਹੀ ਹੋਵੇਗੀ ਕੁਜਾ ਇਸ ਦੇ ਕਿ ਲੜਕਾ ਪੈਦਾ ਹੋਣ ਬਾਰੇ ਕੋਈ ਅਟਕਲ ਰਾਹੀਂ ਕੋਈ ਅਨੁਮਾਨ ਤੇ ਵਿਸ਼ਵਾਸ ਕੀਤਾ ਜਾਵੇ । ਫਿਰ ਕੇਵਲ ਲੜਕਾ ਹੀ ਨਹੀਂ ਪੈਦਾ ਨਹੀਂ ਹੋਣਾ ਸੀ ਸਗੋਂ ਇਸਲਾਮ ਦੇ ਸਨਮਾਨ, ਪ੍ਰਤਿਸ਼ਠਾ ਤੇ ਸ਼ਾਨ-ਸ਼ੌਕਤ ਦਾ ਸਬਬ ਹੋਵੇਗਾ ਉਹ ਲੜਕਾ ਇਹ ਪੇਸ਼ਗੋਈ ਸੀ । ਉਹ ਕੀ ਸਮਾਂ ਸੀ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਚਾਰੇ ਪਾਸਿਓਂ ਦੁਸਮਣ ਹਮਲੇ ਕਰ ਰਹੇ ਸਨ, ਕੇਵਲ ਇਸ ਕਰਕੇ ਕਿ ਆਪ ਨੇ ਇਲਹਾਮ ਹੋਣ ਦਾ ਦਾਅਵਾ ਕੀਤਾ ਸੀ, ਆਪ ਨੇ ਫ਼ਰਮਾਇਆ ਸੀ ਕਿ ਮੈਂਨੂੰ ਇਲਹਾਮ ਹੁੰਦਾ ਹੈ । 'ਮੁਜਦੱਦ' ਹੋਣ ਦਾ ਦਾਅਵਾ ਨਹੀਂ ਸੀ 'ਮਾਮੂਰ' (ਸਮੇਂ ਦਾ ਸੁਧਾਰਕ) ਹੋਣ ਦਾ ਦਾਅਵਾ ਨਹੀਂ ਸੀ । ਉਸ ਸਮੇਂ ਇਕ ਲੜਕੇ ਦੀ ਪੇਸ਼ਗੋਈ ਇਹਨਾਂ ਉਚੱਤਮ ਗੁਣਾ ਦੇ ਨਾਲ ਆਪ ਨੇ ਵਰਨਣ ਕੀਤੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਜੱਦ ਕਿਸੇ ਦੇ ਨਾਇਬ ਦੀ ਪ੍ਰਸਿੱਧੀ ਬਾਰੇ ਕਿਹਾ ਜਾਏ ਤਾਂ ਇਸ ਦਾ ਅਰਥ ਇਹ ਹੁੰਦਾ ਹੈ ਕਿ ਉਸ ਦੇ ਆਕਾ ਤੇ ਮਾਲਕ ਦੀ ਪ੍ਰਸਿੱਧੀ ਹੋਵੇਗੀ । ਸੋ, ਜੱਦ ਰੱਬ ਨੇ ਪੇਸ਼ਗੋਈ ਵਿੱਚ ਇਹ ਕਿਹਾ ਕਿ ਉਹ ਧਰਤੀ ਦੇ ਕੰਢਿਆਂ ਤੱਕ ਪ੍ਰਸਿੱਧੀ ਪਾਏਗਾ ਤਾਂ ਇਸ ਦੇ ਇਹ ਅਰਥ ਸਨ ਕਿ ਇਸ ਰਾਹੀਂ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵੀ ਦੁਨੀਆ ਦੇ ਕੰਢਿਆਂ ਤੱਕ ਭਾਵ ਉਹਨਾਂ ਦਾ ਨਾਂ ਵੀ ਦੁਨੀਆ ਦੇ ਕੰਢਿਆਂ ਤੱਕ ਪਹੁੰਚੇਗਾ । ਹੁਣ ਦੇਖ ਲਓ ਪੇਸ਼ਗੋਈ ਕਿੰਨ੍ਹੀ ਸਪਸ਼ਟ ਹੈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਅਫ਼ਗਾਨਿਸਤਾਨ ਕੇਵਲ ਅਜਿਹਾ ਦੇਸ਼ ਸੀ ਜਿੱਥੇ ਕਿਸੇ ਮਹਤੱਾ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਸੰਦੇਸ਼ ਪਹੁੰਚਿਆ ਸੀ । ਹੋਰਨਾ ਦੇਸ਼ਾਂ ਵਿੱਚ ਕੇਵਲ ਉਡੱਦੀਆਂ ਹੋਈਆਂ ਖ਼ਬਰਾਂ ਸਨ ਅਤੇ ਜੱਦ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੂੰ ਰੱਬ ਨੇ ਖ਼ਲੀਫ਼ਾ ਬਣਾਇਆ ਤਾਂ ਰੱਬ ਦੀ ਮਿਹਰ ਨਾਲ ਆਪ ਫ਼ਰਮਾਉਂਦੇ ਹਨ ਕਿ ਸੁਮਾਤਰਾ, ਜਾਵਾ, ਸਟ੍ਰੀਟ ਸੈਟਲਮੈਂਟ, ਚੀਨ, ਮਾਰਿਸ਼ੈਸ, ਅਫ਼ਰੀਕਾ ਦੇ ਹੋਰ ਦੇਸ਼, ਮਿਸਰ, ਫ਼ਲਸਤੀਨ, ਈਰਾਨ ਤੇ ਹੋਰਨਾ ਅਰਬ ਦੇਸ਼ ਅਤੇ ਯੂਰੋਪ ਦੇ ਅਨੇਕਾਂ ਹੀ ਦੇਸ਼ਾਂ ਵਿੱਚ ਅਮਹਦੀਅਤ ਫੈਲੀ ।

ਫਿਰ ਇਸ ਪੇਸ਼ਗੋਈ ਵਿੱਚ ਰੱਬ ਵੱਲੋਂ ਇਹ ਵੀ ਖ਼ਬਰ ਸੀ ਕਿ ਉਹ ਪ੍ਰਗਟ ਤੇ ਗੁਪਤ ਗਿਆਨ ਨਾਲ ਭਰਪੂਰ ਹੋਵੇਗਾ । ਆਪ ਫ਼ਰਮਾਉਂਦੇ ਹਨ ਕਿ ਸੋ, ਰੱਬ ਨੇ ਚਾਹਿਆ ਕਿ ਆਪ ਦੀ ਪੇਸ਼ਗੋਈ ਅਨੁਸਾਰ ਇਸ ਜੁੱਗ ਵਿੱਚ ਇਕ ਅਜਿਹੇ ਮਨੁੱਖ ਨੂੰ ਆਪਣੇ ਕਲਾਮ ਨਾਲ ਸਨਮਾਨਤ ਕਰੇ ਜੋ ਸਚੱਾਈ ਦੀ ਆਤਮਾ ਆਪਣੇ ਨਾਲ ਰਖੱਦਾ ਹੋਵੇ, ਜੋ ਜ਼ਾਹਿਰੀ ਤੇ ਬਾਹਰੀ ਗਿਆਨ ਨਾਲ ਭਰਪੂਰ ਹੋਵੇ, ਜੋ ਦੁਸ਼ਮਣ ਦੇ ਉਹਨਾਂ ਸਭਿਅਕ ਆਕਰਮਣਾ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਿਆਖਿਆ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਵਰਨਣ ਕੀਤੇ ਵਿਸਥਾਰ ਅਤੇ ਕੁਰਆਨ ਕਰੀਮ ਦੀ ਇੱਛਿਆ ਅਨੁਸਾਰ ਦੂਰ ਕਰੇ ਅਤੇ ਇਸਲਾਮ ਦੀ ਸੁਰੱਖਿਆ ਦਾ ਕੰਮ ਪੂਰਾ ਕਰੇ । ਸੋ, ਰੱਬ ਨੇ ਆਪਣਾ ਕੰਮ ਕਰ ਦਿਤੱਾ ਅਤੇ ਮੇਰੀਆਂ ਲੇਖਣੀਆਂ ਉਪੱਰ ਆਪਣੀ ਤਸਦੀਕ ਦੀ ਮੁਹਰ ਲਾ ਦਿੱਤੀ । ਆਪ ਨੇ ਫ਼ਰਮਾਇਆ ਕਿ ਜੱਦ ਤੱਕ ਰੱਬ ਨੇ ਮੈਂਨੂੰ ਨਹੀਂ ਕਿਹਾ ਮੈਂ ਚੁੱਪ ਰਿਹਾ ਅਤੇ ਜੱਦ ਰੱਬ ਨੇ ਮੈਂਨੂੰ ਦੱਸ ਦਿਤੱਾ ਅਤੇ ਨ ਕੇਵਲ ਦੱਸ ਦਿੱਤਾ ਸਗੋਂ ਆਦੇਸ਼ ਦਿੱਤਾ ਕਿ ਕਿ ਲੋਕਾਂ ਨੂੰ ਵੀ ਦੱਸ ਦਿਆਂ, ਸੋ ਮੈਂ ਦੱਸ ਰਿਹਾ ਹਾਂ ਕਿ

ਇਹ ਪੇਸ਼ਗੋਈ ਹਰ ਪੱਖੋਂ ਮੇਰੇ ਉਪੱਰ ਪੂਰੀ ਹੁੰਦੀ ਹੈ । ਆਪ ਫ਼ਰਮਾਉਂਦੇ ਹਨ ਕਿ ਨ ਕੇਵਲ ਰੱਬ ਨੇ ਮੈਂਨੂੰ ਆਦੇਸ਼ ਦਿਤੱਾ ਕਿ ਦਸ ਦਿਆਂ ਸਗੋਂ ਆਪਣੀ ਮਿਹਰ ਨਾਲ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜੋ ਇਸ ਪੇਸ਼ਗੋਈ ਦੀ ਸਚੱਾਈ ਲਈ ਪ੍ਰਮਾਣ ਵੱਜੋਂ ਹਨ । ਜਿਵੇਂ ਅਕਾਸ਼ ਉਪੱਰ ਚੰਨ੍ਹ ਚਮਕਦਾ ਹੈ ਤਾਂ ਰੱਬ ਉਸ ਦੇ ਆਲ੍ਹੇ ਦੁਆਲੇ ਤਾਰੇ ਪੈਦਾ ਕਰ ਦਿੰਦਾ ਹੈ । ਇਸੇ ਪ੍ਰਕਾਰ ਇਹਨਾਂ ਦਿਨਾਂ ਵਿੱਚ ਅਨੇਕਾਂ ਹੀ ਲੋਕਾਂ ਨੂੰ ਅਜਿਹੇ ਸੁਪਨੇ ਆਏ ਜਿੰਨ੍ਹਾ ਵਿੱਚ ਇਸ ਸੁਪਨੇ ਦਾ ਵਿਸ਼ਾ ਦਹੁਰਾਇਆ ਗਿਆ ਹੈ । ਫਿਰ ਆਪ ਨੇ ਜਮਾਤ ਦੇ ਕੁਝ ਸੁਹਿਰਦ ਵਿਅਕਤੀਆਂ ਦੇ ਅਤੇ ਆਪਣੇ ਕੁਝ ਹੋਰ ਰੋਯਾ (ਸੁਪਨੇ) ਤੇ ਇਲਹਾਮ ਆਪਣੇ ਪੱਖ ਵਿੱਚ ਵਰਨਣ ਕੀਤੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਅਲੱਾਹ ਤਆਲਾ ਨੇ ਕਈ ਵਾਰ ਮੇਰੇ ਉਪੱਰ ਆਪਣੇ ਗ਼ੈਬ ਨੂੰ ਪ੍ਰਗਟ ਕਰਕੇ ਇਸ ਪੇਸ਼ਗੋਈ ਨੂੰ ਸਚੱਾ ਕਰ ਦਿਤੱਾ ਹੈ ਕਿ ਮੁਸਲਿਹ ਮੌਊਦ ਰੱਬ ਦੀ ਸੱਚੀ ਰੂਹ ਨਾਲ ਲਾਭਵੰਤ ਹੋਵੇਗਾ । ਇਹ ਰੱਬ ਦੀਆਂ ਨਿਸ਼ਾਨੀਆਂ ਹਨ ਜੋ ਉਸ ਨੇ ਮੇਰੇ ਉਪੱਰ ਪ੍ਰਕਟ ਕੀਤੀਆਂ ਹਨ । ਲੋਕ ਕਹਿੰਦੇ ਹਨ ਕਿ ਇਸ ਵਿੱਚ ਕੀ ਸਿਆਣਪ ਸੀ ਕਿ ਮਿਤੱਰ ਤਾਂ ਪਹਿਲਾਂ ਹੀ ਮੈਂਨੂੰ ਇਹਨਾਂ ਪੇਸ਼ਗੋਈਆਂ ਦਾ ਪੂਰਕ ਸਮਝਦੇ ਰਹੇ ਅਤੇ ਮੈਂ ਇਹਨਾਂ ਪੇਸ਼ਗੋਈਆਂ ਦਾ ਪੂਰਕ ਹੋਣ ਦਾ ਦਾਅਵਾ ਹੁਣ ਕੀਤਾ ਹੈ । ਕੀ ਸਿਆਣਪ ਹੈ ਇਸ ਵਿੱਚ । ਮੈਂ ਕਹਿੰਦਾ ਹਾਂ ਕਿ ਇਸ ਵਿੱਚ ਉਹੋ ਸਿਆਣਪ ਹੈ ਜੋ ਕੁਰਆਨ ਕਰੀਮ ਕਹਿੰਦਾ ਹੈ ਕਿ 'ਮਾ ਕਾਨਲੱਾਹੁ ਲਿਯੁਜ਼ੀਆ ਈਮਾਨੁਕੁਮ' (مَا كَانَ اللّٰهُ لِيُضِيعَ إِيمَانَكُمْ (البقرة 144 ਕਿ ਅਲੱਾਹ ਤਆਲਾ ਜੱਦ ਭੇਜੇ ਹੋਏ ਨਬੀ ਦੇ ਬਾਦ ਮੌਊਦ (ਵਾਦਾ ਕੀਤੇ ਹੋਏ) ਨੂੰ ਖੜਾ ਕਰਦਾ ਹੈ ਤਾਂ ਇਹ ਪਸੰਦ ਨਹੀਂ ਕਰਦਾ ਕਿ ਉਸ ਦੀ ਕਾਇਮ ਕੀਤੀ ਜਮਾਤ ਕੁਫ਼ਰ (ਬੇਵਫ਼ਾਈ) ਦਾ ਸ਼ਿਕਾਰ ਹੋ ਜਾਵੇ ਅਤੇ ਉਹਨਾਂ ਦਾ ਈਮਾਨ (ਆਸਥਾ) ਨਸ਼ਟ ਹੋ ਜਾਵੇ । ਇਸ ਲਈ ਰੱਬ ਨੇ ਮੁਸਲਿਹ ਮੌਊਦ ਬਾਰੇ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਿਆਰ ਕੀਤੀ ਜਮਾਤ ਅਰਥਾਤ ਸਹਾਬਾ ਕਰਾਮ ਦੇ ਸਮੇਂ ਵਿੱਚ ਆਉਂਣਾ ਸੀ, ਇਹ ਤਰੀਕਾ ਅਪਣਾਇਆ ਕਿ ਪਹਿਲਾਂ ਉਸ ਨੂੰ ਜਮਾਤ ਦਾ ਖ਼ਲੀਫ਼ਾ ਬਣਾਕੇ ਉਹਨਾਂ ਤੋਂ ਅਗਿਆਕਾਰੀ ਦਾ ਪ੍ਰਣ ਲਿਆ ਅਤੇ ਇਹਨਾਂ ਪੇਸ਼ਗੋਈਆਂ ਨੂੰ ਪੂਰਾ ਕਰਨ ਦੇ ਸਾਧਨ ਜੁਟਾਏ ਜੋ ਇਸ ਬਾਰੇ ਵਰਨਣ ਕੀਤੀਆਂ ਗਈਆਂ ਸਨ ਅਤੇ ਜੱਦ ਜਮਾਤ ਉਪੱਰ ਵਾਸਤਵਿਕਤਾ ਦਿਨ ਦੇ ਚਾਨ੍ਹਣੇ ਵਾਂਗ ਪ੍ਰਕਟ ਹੋ ਗਈ ਤਾਂ ਫਿਰ ਉਸ ਨੂੰ ਵੀ ਅਰਥਾਤ ਖ਼ਲੀਫ਼ਾਤੁਲ ਮਸੀਹ ਨੂੰ ਵੀ ਜਾਂ ਮੁਸਲਿਹ ਮੌਊਦ ਹੋਣ ਵਾਲੇ ਨੂੰ ਵੀ ਇਸ ਵਾਸਤਵਿਕਤਾ ਦਾ ਆਕਾਸ਼ੀ ਖ਼ਬਰਾਂ ਰਾਹੀਂ ਗਿਆਨ ਦੇ ਦਿਤੱਾ ਤਾਂ ਜੋ ਅਕਾਸ਼ ਤੇ ਧਰਤੀ ਦੋਹਾਂ ਦੀ ਗਵਾਹੀ ਇਕੱਠੀ ਹੋ ਜਾਵੇ ਅਤੇ ਮੋਮਿਨਾ ਦੀ ਜਮਾਤ ਕੁਫ਼ਰ (ਬੇਵਫ਼ਾਈ) ਤੇ ਇਨਕਾਰ ਦੇ ਦਾਗ਼ ਤੋਂ ਵੀ ਸੁਰੱਖਿਅਤ ਕਰ ਦਿੱਤੀ ਜਾਵੇ ।

ਅਲੱਾਹ ਤਆਲਾ ਇਸ ਜੁੱਗ ਵਿੱਚ ਸਾਰਿਆਂ ਦੇ ਈਮਾਨ (ਆਸਥਾ) ਨੂੰ ਸੁਰੱਖਿਅਤ ਰੱਖੇ ਹਰ ਅਹਮਦੀ ਦੇ ਈਮਾਨ ਨੂੰ ਸਲਾਮਤ ਰੱਖੇ ਅਤੇ ਕੁਫ਼ਰ ਤੇ ਇਨਕਾਰ ਦੇ ਦਾਗ਼ ਤੋਂ ਹਮੇਸ਼ਾ ਬਚਾਈ ਰੱਖੇ । ਜਮਾਤ ਦੇ ਲੋਕਾਂ ਨੂੰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਗਿਆਨ ਤੇ ਮਆਰਫ਼ਤ ਨਾਲ ਭਰਪੂਰ ਸਾਹਿਤ ਤੋਂ ਵੀ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ । ਉਰਦੂ ਵਿੱਚ ਵੀ ਹੈ ਹੋਰਨਾ ਭਾਸ਼ਾਵਾਂ ਵਿੱਚ ਵੀ ਕੁਝ ਲਿਟ੍ਰੇਚਰ ਹੈ ਇਸ ਨੂੰ ਪੜ੍ਹਨਾ ਚਾਹੀਦਾ ਹੈ, ਰੱਬ ਸਾਰਿਆਂ ਨੂੰ ਇਸ ਦਾ ਤੋਫ਼ੀਕ ਪ੍ਰਦਾਨ ਕਰੇ ।

ਅਖੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਸੂਫ਼ੀ ਨਜ਼ੀਰ ਅਹਮਦ ਸਾਹਬ ਸਪੁਤੱਰ ਮੁਕਰੱਮ ਮੁਹਮੱਦ ਅਬਦੁਲੱਾਹ ਸਾਹਬ ਮਰਹੂਮ ਦੇ ਸਦਗੁਣਾ ਤੇ ਸੇਵਾਵਾਂ ਦੀ ਚਰਚਾ ਕੀਤੀ ਅਤੇ ਜੁਮਏ ਦੀ ਨਮਾਜ ਦੇ ਬਾਦ ਉਹਨਾ ਦੀ ਨਮਾਜ਼ ਜਨਾਜ਼ਾ ਪੜ੍ਹਾਉਣ ਦੀ ਘੋਸ਼ਣਾ ਕੀਤੀ ।

**Khulasa Khutba 19.02.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131